**PRESS INFORMATION BUREAU**
**GOVT. OF INDIA**
**JALANDHAR**

1. Name of Newspaper : Nawan Zamana
2. Place : Jalandhar
3. Dated 12-6-17
4. Language : Punjabi

# ਭਾਰਤੀ ਯੋਗ ਸੰਥਾਨ ਨੇ ਸਥਾਪਨਾ ਦੀ 18ਵੀਂ ਵਰ੍ਹੇਗੰਢ ਮਨਾਈ

ਰੂਪਨਗਰ (ਖੰਗੂੜਾ)
ਭਾਰਤੀ ਯੋਗ ਸੰਥਾਨ ਦੀ ਰੂਪਨਗਰ ਇਕਾਈ ਦੀ ਸਥਾਪਨਾ ਦੀ 18ਵੀਂ ਵਰ੍ਹੇਗੰਢ ਸਨ ਇੰਕਲੇਵ ਟਾਵਰ ਰੂਪਨਗਰ ਵਿਖੇ ਮਨਾਈ ਗਈ। ਇਸ ਵਿੱਚ ਸ਼ਹਿਰ ਅੰਦਰ ਚੱਲ ਰਹੀਆਂ ਵੱਖ-ਵੱਖ ਇਕਾਈਆਂ ਦੇ ਸਾਧਕਾਂ ਤੋਂ ਇਲਾਵਾ ਯੋਗ ਕਰਨ ਦੇ ਇੱਛੁਕ ਲੋਕਾਂ ਨੇ ਸ਼ਿਰਕਤ ਕੀਤੀ। ਸਮਾਗਮ ਦੇ ਮੁੱਖ ਮਹਿਮਾਨ ਡਾ. ਐੱਸ. ਐੱਮ. ਸਰਧਾਨਾ ਅਤੇ ਹੇਮਾ ਸਰਧਾਨਾ ਸਨ। ਇਸ ਮੌਕੇ ਕੁਰਾਲੀ ਤੋਂ ਯੋਗ ਸਾਧਕ ਅਰੁਣ ਧੀਮਾਨ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਨੇ ਯੋਗ ਦੀਆਂ ਕਿਰਿਆਵਾਂ ਨਾਲ ਸਰੀਰਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਆਸਣ, ਸਾਹ ਅਤੇ ਮਨ ਦੀ ਇਕਾਗਰਤਾ ਬਾਰੇ ਕਿਰਿਆਵਾਂ ਕਰਵਾਈਆਂ। ਜ਼ਿਲ੍ਹਾ ਪ੍ਰਧਾਨ ਅਨਿਲ ਅਗਰਵਾਲ ਨੇ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਯੋਗ ਨਾਲ ਜੁੜਣ ਲਈ ਪ੍ਰੇਰਿਤ ਕੀਤਾ। ਯੋਗ ਸਾਧਕ ਰਾਜਿੰਦਰ ਸੈਣੀ ਨੇ ਦੱਸਿਆ ਕਿ ਯੋਗ ਭਾਰਤ ਦੀ ਪੁਰਾਣੀ ਸੰਸਕ੍ਰਿਤੀ ਹੈ, ਜਿਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ, ਇਸ ਲਈ 21 ਜੂਨ ਵਿਸ਼ਵ ਯੋਗ ਦਿਵਸ ਦੇ ਤੌਰ 'ਤੇ ਮਨਾਇਆ ਜਾਣ ਲੱਗਾ ਹੈ।



ਇਸ ਮੌਕੇ ਲੰਬੇ ਸਮੇਂ ਤੋਂ ਯੋਗ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਵਾਲੀ ਯੋਗ ਸਾਧਕਾ ਬਲਦੇਵ ਚੌਧਰੀ (+90) ਨੂੰ ਸਨਮਾਨਿਤ ਕੀਤਾ ਗਿਆ ਅਤੇ ਸੰਸਥਾਨ ਦੀ ਪੜ੍ਹਿਕਾ ਯੋਗ ਮੰਜਰੀ ਦੇ ਸਭ ਤੋਂ ਵੱਧ ਮੈਂਬਰ ਬਣਾਉਣ ਲਈ ਊਸ਼ਾ ਸ਼ਰਮਾ ਅਤੇ ਅਸ਼ੋਕ ਕਪੂਰ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਰੂਪਨਗਰ ਇਕਾਈ ਦੀ ਮੁਖੀ ਕੁਸਮ ਸ਼ਰਮਾ ਨੇ ਆਏ ਮਹਿਮਾਨਾਂ ਅਤੇ ਯੋਗ ਕਲਾਸ ਵਿੱਚ ਭਾਗ ਲੈਣ ਵਾਲਿਆਂ ਦਾ ਧੰਨਵਾਦ ਕੀਤਾ ਅਤੇ ਸ਼ਹਿਰ ਅੰਦਰ ਸੰਸਥਾਨ ਵੱਲੋਂ ਲਗਾਈਆਂ ਜਾ ਰਹੀਆਂ ਮੁਫ਼ਤ ਯੋਗ ਕਲਾਸਾਂ ਦਾ ਲਾਭ ਉਠਾਉਣ ਲਈ ਅਪੀਲ ਕੀਤੀ। ਇਸ ਮੌਕੇ ਅਸੀਮਾ ਅਗਰਵਾਲ, ਸੰਜੀਵ ਮੋਹਰਾ, ਹੰਸ ਰਾਜ, ਕੇ. ਐੱਲ. ਕਪੂਰ, ਰਾਜ ਕੁਮਾਰ ਸ਼ਰਮਾ, ਤਰਸੇਮ ਸਿੰਘ ਧੀਮਾਨ ਆਦਿ ਵੀ ਹਾਜ਼ਰ ਸਨ।

भारतीय योग संस्थान ने स्थापना की 18वीं: वर्षगांठ मनाई: